Annexure-7

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ

ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ।

ਨੰਬਰ 1398-1490 ਮਿਤੀ 19/3/2012

ਸੇਵਾ ਵਿਖੇ

1 ਮੁੱਖ ਵਾਤਾਵਰਣ ਇੰਜੀਨੀਅਰ-1/2/3,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।

2 ਸੀਨੀਅਰ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਜੋਨਲ ਦਫਤਰ-1/2, ਪਟਿਆਲਾ/ਲੁਧਿਆਣਾ-1/2/
ਜਲੰਧਰ/ਅੰਮ੍ਰਿਤਸਰ ਅਤੇ ਬਠਿੰਡਾ।

3 ਵਾਤਾਵਰਣ, ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ, ਪਟਿਆਲਾ/ਲੁਧਿਆਣਾ-1/2/3/4/
ਜਲੰਧਰ/ਅੰਮ੍ਰਿਤਸਰ/ਬਠਿੰਡਾ/ਫਰੀਦਕੋਟ/ਹੁਸ਼ਿਆਰਪੁਰ/
ਫਤਹਿਗੜ੍ਹ ਸਾਹਿਬ/ਸੰਗਰੂਰ ਅਤੇ ਐਸ.ਏ.ਐਸ. ਨਗਰ।

ਵਿਸ਼ਾ: ਮੁੱਖ ਸਕੱਤਰ, ਪੰਜਾਬ ਜੀ ਦੇ ਪੱਧਰ ਤੇ ਰਾਜ ਵਿੱਚ ਰੇਤ ਆਦਿ ਦੀਆਂ ਖਾਣਾਂ ਵਿੱਚੋਂ ਗੈਰ-ਕਾਨੂੰਨੀ ਨਿਕਾਸੀ ਨੂੰ ਰੋਕਣ ਅਧੀਨ ਕੀਤੇ ਜਾਣ ਵਾਲੇ ਉਪਰਾਲਿਆਂ ਸੰਬੰਧੀ ਹੋਣ ਵਾਲੀ ਮੀਟਿੰਗ ਬਾਰੇ।

ਉਪਰੋਕਤ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਟੋਨ ਕਰਸ਼ਰਾਂ ਨੂੰ ਬੋਰਡ ਵੱਲੋਂ ਐਨ.ਓ.ਸੀ. ਦੇਣ ਤੋਂ ਪਹਿਲਾਂ ਸਰਕਾਰ ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ: 3/7/96-ਐਸ.ਟੀ.ਈ.(5)/562 ਮਿਤੀ 17.3.1998 ਵਿਚ ਨਿਰਧਾਰਤ ਸਾਈਟਿੰਗ ਗਾਈਡਲਾਈਨਜ਼ ਦੀ ਪੜ੍ਹਤਾਲ ਕੀਤੀ ਜਾਂਦੀ ਹੈ। ਜੇਕਰ ਸਟੋਨ ਕਰਸ਼ਰ ਦੀ ਜਗ੍ਹਾ ਉਕਤ ਨੋਟੀਫਿਕੇਸ਼ਨ ਵਿੱਚ ਨਿਰਧਾਰਤ ਮਾਪਦੰਡ ਪੂਰਾ ਕਰਦੀ ਹੈ, ਤਾਂ ਬੋਰਡ ਵੱਲੋਂ ਸਟੋਨ ਕਰਸ਼ਰ ਸਥਾਪਿਤ ਕਰਨ ਲਈ ਐਨ.ਓ.ਸੀ. (Consent to Eastablish) ਜਾਰੀ ਕੀਤਾ ਜਾਂਦਾ ਹੈ। ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਸਰਕਾਰ ਵੱਲੋਂ ਜਾਰੀ ਉਕਤ ਨੋਟੀਫਿਕੇਸ਼ਨ ਵਿੱਚ ਇਸ ਤਰ੍ਹਾਂ ਦਾ ਕੋਈ ਪ੍ਰੋਵੀਜ਼ਨ ਨਹੀਂ ਹੈ ਕਿ ਬੋਰਡ ਐਨ.ਓ.ਸੀ. ਜਾਰੀ ਕਰਨ ਤੋਂ ਪਹਿਲਾਂ ਇਹ ਦੇਖੇ ਕਿ ਲੱਗਣ ਵਾਲਾ ਸਟੋਨ ਕਰਸ਼ਰ ਕਿੱਥੋਂ ਰਾਅ-ਮਟੀਰੀਅਲ (ਪੱਥਰ) ਪ੍ਰਾਪਤ ਕਰੇਗਾ।

ਇਸ ਤੋਂ ਬਾਅਦ ਜਦੋਂ ਕੋਈ ਵੀ ਸਟੋਨ ਕਰਸ਼ਰ ਪਲਾਂਟ ਚਲਾਉਣ ਦੀ ਇਜਾਜ਼ਤ ਮੰਗਦਾ ਹੈ ਤਾਂ ਬੋਰਡ ਵੱਲੋਂ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਸੰਬੰਧਤ ਸਟੋਨ ਕਰਸ਼ਰ ਨੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਲੋੜੀਦੇ ਪ੍ਰਬੰਧ ਕਰ ਲਏ ਹਨ।

ਚੱਲਦਾ ਪੰਨਾ.....2.........



deskPDF Studio Trial

ਕੇਂਦਰੀ ਐਕਟ, ਮਾਈਨਜ਼ ਐਂਡ ਮਿਨਰਲ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ, 1957 ਅਧੀਨ ਬਣੇ ਪੰਜਾਬ ਮਾਈਨਰ ਮਿਨਰਲ ਕੰਨਸੈਸ਼ਨ ਰੂਲਜ਼, 1964 ਦੇ ਅਧੀਨ ਰੇਤਾ ਅਤੇ ਬਜਰੀ ਛੋਟੇ ਖਣਿਜ ਹਨ। ਇਹ ਛੋਟੇ ਖਣਿਜ ਉਦਯੋਗ ਅਤੇ ਕਾਮਰਸ ਵਿਭਾਗ, ਪੰਜਾਬ ਵੱਲੋਂ ਪੰਜਾਬ ਮਾਈਨਰ ਮਿਨਰਲਜ਼ ਕੰਨਸੈਸ਼ਨ ਰੂਲਜ਼, 1964 ਅਧੀਨ ਰੈਗੂਲੇਟ ਕੀਤੇ ਜਾਂਦੇ ਹਨ। ਇਹ ਵਿਭਾਗ ਛੋਟੇ ਖਣਿਜਾਂ ਦੀ ਨਿਕਾਸੀ ਲਈ ਵੀ ਖੱਡਾਂ ਠੇਕੇ ਤੇ ਦਿੰਦਾ ਹੈ। ਇਸ ਲਈ ਛੋਟੇ ਖਣਿਜਾਂ ਦੀ ਗੈਰ-ਕਾਨੂੰਨੀ ਨਿਕਾਸੀ ਵੀ ਉਕਤ ਐਕਟ ਅਧੀਨ ਆਉਂਦੀ ਹੈ।

ਛੋਟੇ ਖਣਿਜਾਂ ਦੀ ਗੈਰ-ਕਾਨੂੰਨੀ ਨਿਕਾਸੀ ਨੂੰ ਮੱਦੇਨਜ਼ਰ ਰੱਖਦੇ ਹੋਏ, ਬੋਰਡ ਵਲੋਂ ਸਾਇੰਸ, ਤਕਨੀਕ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ ਵਿਭਾਗ ਨੂੰ ਪੱਤਰ ਨੰਬਰ 6300 ਮਿਤੀ 4/11/2011 ਰਾਹੀਂ ਸੁਝਾਅ ਦਿੱਤਾ ਗਿਆ ਕਿ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 3/7/96-ਐਸ.ਟੀ.ਈ. (5)/562 ਮਿਤੀ 17.3.1998 ਵਿੱਚ ਸੋਧ ਕਰਨ ਦੀ ਜ਼ਰੂਰਤ ਹੈ ਅਤੇ ਇਸ ਵਿੱਚ ਇਹ ਪ੍ਰੋਵੀਜ਼ਨ ਸ਼ਾਮਿਲ ਕੀਤਾ ਜਾਵੇ ਕਿ ਸਟੋਨ ਕਰਸ਼ਰ ਬੋਰਡ ਤੋਂ ਪਲਾਂਟ ਚਲਾਉਣ ਦੀ ਇਜਾਜ਼ਤ (Consent to Operate) ਤੋਂ ਪਹਿਲਾ ਸੰਬੰਧਤ ਵਿਭਾਗ ਤੋਂ ਸਰਟੀਫਿਕੇਟ ਪ੍ਰਾਪਤ ਕਰੇਗਾ ਕਿ ਸਟੋਨ ਕਰਸ਼ਰ ਦੇ ਰਾਅ-ਮਟੀਰੀਅਲ (ਪੱਥਰ) ਦਾ ਕੀ ਸਰੋਤ ਹੈ ਅਤੇ ਇਸ ਸਰੋਤ ਤੋਂ ਸਟੋਨ ਕਰਸ਼ਰ ਨੂੰ ਪੂਰੇ ਸਾਲ ਕਿੰਨੀ ਮਾਤਰਾ ਵਿੱਚ ਰਾਅ-ਮਟੀਰੀਅਲ (ਪੱਥਰ) ਪ੍ਰਾਪਤ ਹੋਵੇਗਾ।

ਉਕਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਾਇੰਸ, ਤਕਨੀਕ, ਵਾਤਾਵਰਣ ਅਤੇ ਗੈਰ-ਰਵਾਇਤੀ ਊਰਜਾ ਵਿਭਾਗ ਨੇ ਆਪਣੇ ਪਿ ਅ ਨੰ 8/29/2011-ਸਤਵ(4)/3597 ਮਿਤੀ 21.12.2011 ਰਾਹੀ ਪ੍ਰਮੁੱਖ ਸਕੱਤਰ, ਉਦਯੋਗ ਅਤੇ ਕਾਮਰਸ ਵਿਭਾਗ ਨੂੰ ਬੋਰਡ ਵਲੋਂ ਉਪਰੋਕਤ ਪੱਤਰ ਰਾਹੀ ਦਿੱਤੇ ਗਏ ਸੁਝਾਅ ਨੂੰ Minor Mineral Concession Rules, 1964 ਵਿੱਚ ਸ਼ਾਮਿਲ ਕਰਨ ਲਈ ਲੋੜੀਂਦੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਗਈ ਹੈ।

ਇਸੀ ਦੌਰਾਨ ਉਦਯੋਗ ਅਤੇ ਕਾਮਰਸ ਵਿਭਾਗ ਨੇ ਮਿਤੀ 22/12/2011 ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਦੀ ਪ੍ਰਧਾਨਗੀ ਹੇਠ ਰੇਤ ਆਦਿ ਦੀ ਗੈਰਕਾਨੂੰਨੀ ਨਿਕਾਸੀ ਨੂੰ ਰੋਕਣ ਅਧੀਨ ਕੀਤੇ ਜਾਣ ਵਾਲੇ ਉਪਰਾਲੇ ਸਬੰਧੀ ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਹੈ:-

1. ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਜੋ ਵਿਗਿਆਨ, ਤਕਨਾਲੋਜੀ ਤੇ ਵਾਤਾਵਰਣ ਅਤੇ ਗੈਰ ਉਪਚਾਰਕ ਊਰਜਾ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 17/3/1998 ਅਨੁਸਾਰ ਰਾਜ ਵਿਚ ਸਟੋਨ ਕਰਸ਼ਰਜ਼ ਨੂੰ ਐਨ.ਓ.ਸੀ.' ਜਾਰੀ ਕਰਦੇ ਹੋਏ ਰਜਿਸਟਰਡ ਕੀਤੇ ਜਾ ਰਹੇ ਹਨ, ਭਵਿੱਖ ਵਿਚ ਉਦਯੋਗ ਅਤੇ ਕਾਮਰਸ ਵਿਭਾਗ ਵਲੋਂ ਪ੍ਰਵਾਨ / ਸਹਿਮਤੀ ਬਗੈਰ ਐਨ.ਓ.ਸੀ. / ਰਜਿਸਟਰਡ ਨਾ ਕੀਤੇ ਜਾਣ।
2. ਰਾਜ ਵਿਚ ਪੰਜਾਬ ਲੈਂਡ ਪ੍ਰੀਜ਼ਰਵੇਸ਼ਨ ਐਕਟ, 1900 ਦੇ ਸੈਕਸ਼ਨ 4 ਅਤੇ 5 ਅਧੀਨ ਜੋ ਰਕਬੇ ਬੰਦ ਹਨ ਉਹਨਾਂ ਵਿਚੋ ਹਰ ਕਿਸਮ ਦੀ ਗੈਰ ਕਾਨੂੰਨੀ ਨਿਕਾਸੀ ਸਬੰਧੀ ਪੈਰਵੀ ਅਤੇ ਲੋੜੀਂਦੀ ਕਾਰਵਾਈ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਕਰੇਗਾ।

ਇਹ ਆਪ ਜੀ ਦੀ ਸੂਚਨਾ ਅਤੇ ਇੰਨ-ਬਿੰਨ ਪਾਲਣਾ ਹਿੱਤ ਹੈ।

ਮੈਂਬਰ ਸਕੱਤਰ

deskPDF Studio Trial